# ਜ਼ਮਾਨਤਦਾਰਾਂ ਲਈ ਜਾਣਕਾਰੀ

## ਜ਼ਮਾਨਤਦਾਰ ਦੀ ਕੀ ਭੂਮਿਕਾ ਹੁੰਦੀ ਹੈ?

ਇੱਕ ਜ਼ਮਾਨਤਦਾਰ ਦੇ ਤੌਰ ਤੇ, ਤੁਸੀਂ ਇਹ ਯਕੀਨੀ ਬਣਾਉਣ ਲਈ ਧਨ ਜਮ੍ਹਾਂ ਕਰਾਓਗੇ ਅਤੇ/ਜਾਂ ਦੇਣ ਦਾ ਵਾਇਦਾ ਕਰੋਗੇ ਕਿ ਹਿਰਾਸਤ ਵਿੱਚ ਲਿਆ ਵਿਅਕਤੀ ਰਿਹਾਈ ਦੇ ਹੁਕਮ (ਰਿਲੀਜ਼ ਆਰਡਰ) ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰੇਗਾ। ਤੁਸੀਂ ਹਿਰਾਸਤ ਵਿੱਚ ਲਏ ਵਿਅਕਤੀ ਨੂੰ ਰਿਹਾਇਸ਼ ਦੀ ਪੇਸ਼ਕਸ਼ ਕਰਨ ਤੇ ਵੀ ਵਿਚਾਰ ਕਰ ਸਕਦੇ ਹੋ। ਕੇਸ ਦੀ ਸੁਣਵਾਈ ਕਰਨ ਵਾਲਾ ਮੈਂਬਰ ਇਹ ਨਿਰਣਾ ਕਰਨਗੇ ਕਿ ਤੁਹਾਡੀ ਪੇਸ਼ਕਸ਼, ਹੋਰਾਂ ਸ਼ਰਤਾਂ ਦੇ ਸਮੇਤ, ਹਿਰਾਸਤ ਦਾ ਢੁੱਕਵਾਂ ਵਿਕਲਪ ਹੈ ਜਾਂ ਨਹੀਂ। ਜੇਕਰ ਓਹ ਵਿਅਕਤੀ ਰਿਹਾਈ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ, ਤਾਂ ਕੈਨੇਡਾ ਬੌਰਡਰ ਸਰਵਿਸਿਜ਼ ਏਜੰਸੀ (Canada Border Services Agency - CBSA) ਤੁਹਾਡੇ ਵੱਲੋਂ ਜਮ੍ਹਾਂ ਕਰਾਏ ਅਤੇ/ਜਾਂ ਦੇਣ ਦਾ ਵਾਇਦਾ ਕੀਤੇ ਗਏ ਧਨ ਨੂੰ ਰੱਖ ਸਕਦੀ ਹੈ। ਜੇਕਰ ਤੁਹਾਨੂੰ ਪਤਾ ਚੱਲਦਾ ਹੈ ਕਿ ਓਹ ਵਿਅਕਤੀ ਰਿਹਾਈ ਦੇ ਹੁਕਮ ਦੀ ਪਾਲਣਾ ਨਹੀਂ ਕਰ ਰਿਹਾ ਹੈ, ਤਾਂ ਇੱਕ ਜ਼ਮਾਨਤਦਾਰ ਦੇ ਤੌਰ ਤੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਤੁਹਾਡੇ ਲਈ ਲਾਜ਼ਮੀ ਹੈ ਕਿ ਤੁਸੀਂ ਤੁਰੰਤ CBSA ਨੂੰ ਸੂਚਿਤ ਕਰੋ।

## ਕਿਹੜੀਆਂ ਗੱਲਾਂ ਜ਼ਮਾਨਤਦਾਰ ਨੂੰ ਯੋਗ ਬਣਾਉਂਦੀਆਂ ਹਨ?

ਜ਼ਮਾਨਤਦਾਰ ਤੋਂ ਹਿਰਾਸਤ ਸਮੀਖਿਆ ਦੇ ਦੌਰਾਨ ਬਿਆਨ ਦੇਣ ਦੀ ਆਸ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਮੈਂਬਰ ਇਹ ਮੁਲਾਂਕਣ ਕਰ ਸਕਣ ਕਿ ਤੁਸੀਂ ਯੋਗ ਹੋ ਜਾਂ ਨਹੀਂ। ਹੇਠਾਂ ਦਿੱਤੀਆਂ ਗੱਲਾਂ ਕੁਝ ਵਿਚਾਰਣਯੋਗ ਤੱਥਾਂ ਵਿੱਚ ਸ਼ਾਮਲ ਹਨ, ਪਰ ਇਹਨਾਂ ਤੱਕ ਸੀਮਿਤ ਨਹੀਂ ਹਨ:

- ਤੁਸੀਂ ਕੈਨੇਡਾ ਦੇ ਨਾਗਰਿਕ ਹੋ ਜਾਂ ਕੈਨੇਡਾ ਦੇ ਸਥਾਈ ਨਿਵਾਸੀ ਹੋ (ਜੇਕਰ ਤੁਸੀਂ ਇੱਕ ਪਰਫੌਰਮੈਂਸ ਬਾਂਡ ਪ੍ਰਸਤੁਤ ਕਰ ਰਹੇ ਹੋ)
- ਤੁਹਾਡੀ ਉਮਰ ਘੱਟੋ-ਘੱਟ 18 ਸਾਲ ਦੀ ਹੈ
- ਤੁਸੀਂ ਕੈਨੇਡਾ ਵਿੱਚ ਮੌਜੂਦ ਹੋ ਅਤੇ ਵਰਤਮਾਨ ਵਿੱਚ ਕੈਨੇਡਾ ਵਿੱਚ ਰਹਿੰਦੇ ਹੋ (ਜੇਕਰ ਤੁਸੀਂ ਇੱਕ ਪਰਫੌਰਮੈਂਸ ਬਾਂਡ ਪ੍ਰਸਤੁਤ ਕਰ ਰਹੇ ਹੋ)
- ਤੁਸੀਂ ਹਿਰਾਸਤ ਵਿੱਚ ਲਏ ਵਿਅਕਤੀ ਨੂੰ ਜਾਣਦੇ ਹੋ
- ਆਪਣੀ ਖ਼ੁਦ ਦੀ ਸੁਤੰਤਰ ਇੱਛਾ ਨਾਲ ਸਹਾਇਤਾ ਮੁਹੱਈਆ ਕਰਦੇ ਹੋ
- ਆਪਣੇ ਖ਼ੁਦ ਦਾ ਪੈਸਾ ਦਾ ਵਾਇਦਾ ਕਰਨ ਦੀ ਇੱਛਾ ਰੱਖਦੇ ਹੋ
- ਹਿਰਾਸਤ ਵਿੱਚ ਲਏ ਵਿਅਕਤੀ ਦੀ ਦੇਖ-ਰੇਖ ਕਰਨ ਦੀ ਪੇਸ਼ਕਸ਼ ਕਰਦੇ ਹੋ

## ਕਿੰਨੇ ਧਨ ਦੀ ਲੋੜ ਹੁੰਦੀ ਹੈ?

ਕੋਈ ਖ਼ਾਸ ਰਕਮ ਲੋੜੀਂਦੀ ਨਹੀਂ ਹੈ; ਇਹ ਤੁਹਾਡੇ ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿੰਨੀ ਰਕਮ ਦੀ ਪੇਸ਼ਕਸ਼ ਕਰਨਾ ਚਾਹੁੰਦੇ ਹੋ। ਅੰਤਿਮ ਰਕਮ ਮੈਂਬਰ ਵੱਲੋਂ ਸੁਣਵਾਈ ਦੇ ਸਮੇਂ ਨਿਰਧਾਰਿਤ ਕੀਤੀ ਜਾਏਗੀ। ਦੋ ਤਰ੍ਹਾਂ ਦੇ ਬਾਂਡ ਹੁੰਦੇ ਹਨ: ਜਮ੍ਹਾਂ ਰਕਮਾਂ ਅਤੇ ਗਾਰੰਟੀਆਂ।



ID – 674bi (2016/07/11)
*Disponible en français*

**ਜਮ੍ਹਾਂ ਰਕਮ ਕੀ ਹੁੰਦੀ ਹੈ?**

ਇਸਨੂੰ ਆਮ ਤੌਰ ਤੇ ਨਕਦ ਬਾਂਡ ਦੇ ਤੌਰ ਤੇ ਜਾਣਿਆ ਜਾਂਦਾ ਹੈ। ਸੁਣਵਾਈ ਦੇ ਸਮੇਂ ਤੁਹਾਨੂੰ ਪੁੱਛਿਆ ਜਾਏਗਾ ਕਿ ਪੈਸਾ ਕਿੱਥੋਂ ਆਇਆ ਹੈ। ਇਹ ਹਿਰਾਸਤ ਵਿੱਚ ਲਏ ਵਿਅਕਤੀ ਦਾ ਧਨ ਨਹੀਂ ਹੋਣਾ ਚਾਹਿਦਾ ਹੈ। ਜਦੋਂ ਤੱਕ ਇਹ ਧਨ ਜਮ੍ਹਾਂ ਨਹੀਂ ਕਰਾਇਆ ਜਾਏਗਾ, ਹਿਰਾਸਤ ਵਿੱਚ ਲਏ ਵਿਅਕਤੀ ਨੂੰ ਰਿਹਾ ਨਹੀਂ ਕੀਤਾ ਜਾਏਗਾ। ਜਮ੍ਹਾਂ ਰਕਮ ਦੀਆਂ ਵਿਧੀਆਂ ਦਾ ਬੰਦੋਬਸਤ CBSA ਵੱਲੋਂ ਕੀਤਾ ਜਾਂਦਾ ਹੈ।

**ਗਾਰੰਟੀ ਕੀ ਹੁੰਦੀ ਹੈ?**

ਇਸਨੂੰ ਆਮ ਤੌਰ ਤੇ ਪਰਫੌਰਮੈਂਸ ਬਾਂਡ ਦੇ ਤੌਰ ਤੇ ਜਾਣਿਆ ਜਾਂਦਾ ਹੈ। ਜੇਕਰ ਓਹ ਵਿਅਕਤੀ ਆਪਣੇ ਰਿਹਾਈ ਦੇ ਹੁਕਮ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ ਤਾਂ ਤੁਹਾਨੂੰ ਉਸ ਧਨ ਦਾ ਭੁਗਤਾਨ ਕਰਨਾ ਪਏਗਾ, ਜੋ ਤੁਸੀਂ ਦੇਣ ਦਾ ਵਾਇਦਾ ਕੀਤਾ ਹੋ। CBSA ਤੁਹਾਡੀ ਵਚਨਬੱਧਤਾ ਨੂੰ ਪੂਰਾ ਕਰਨ ਦੀ ਤੁਹਾਡੀ ਸਮਰੱਥਾ ਦਾ ਮੁਲਾਂਕਣ ਕਰੇਗੀ। ਉਦਾਹਰਨ ਲਈ, ਤੁਸੀਂ ਕਿੰਨੀ ਰਕਮ ਦੇਣ ਦਾ ਵਾਇਦਾ ਕਰਨ ਦੇ ਯੋਗ ਹੋ, ਉਹ ਉਸ ਦਸਤਾਵੇਜ਼ ਵਾਲੇ ਸਬੂਤ ਤੇ ਨਿਰਭਰ ਹੋਵੇਗੀ, ਜੋ ਤੁਸੀਂ ਆਪਣੀਆਂ ਮੌਜੂਦਾ ਸੰਪਤੀਆਂ ਨੂੰ ਦਰਸਾਉਣ ਲਈ ਮੁਹੱਈਆ ਕਰਦੇ ਹੋ, ਜਿਵੇਂ ਘਰ ਦੀ ਮਾਲਕੀ, ਜਾਂ ਸਲਾਨਾ ਆਮਦਨ ਦਾ ਸਬੂਤ। ਜੇਕਰ ਤੁਹਾਡੀ ਕੋਈ ਆਮਦਨ ਜਾਂ ਸੰਪਤੀ ਨਹੀਂ ਹੈ, ਤਾਂ ਤੁਸੀਂ ਇੱਕ ਪਰਫੌਰਮੈਂਸ ਬਾਂਡ ਪ੍ਰਸਤੁਤ ਕਰਨ ਦੇ ਯੋਗ ਨਹੀਂ ਵੀ ਹੋ ਸਕਦੇ।

**ਜ਼ਮਾਨਤਦਾਰ ਦੇ ਤੌਰ ਤੇ ਮੇਰੀਆਂ ਜ਼ਿੰਮੇਵਾਰੀਆਂ ਕਦੋਂ ਖ਼ਤਮ ਹੋਣਗੀਆਂ?**

ਹਰ ਮਾਮਲਾ ਵੱਖ ਹੁੰਦਾ ਹੈ; ਸਮੇਂ ਦੀ ਕੋਈ ਤੈਅ ਮਿਆਦ ਨਹੀਂ ਹੈ। ਇੱਕ ਜ਼ਮਾਨਤਦਾਰ ਦੇ ਤੌਰ ਤੇ, ਉਦੋਂ ਤੱਕ ਉਸ ਵਿਅਕਤੀ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਤੁਹਾਡੀ ਹੈ, ਜਦੋਂ ਤੱਕ ਉਸਦੇ ਇੰਮੀਗਰੇਸ਼ਨ ਮਾਮਲਿਆਂ ਦਾ ਨਿਪਟਾਰਾ ਨਹੀਂ ਹੋ ਜਾਂਦਾ। ਕਿਸੇ ਵਿਅਕਤੀ ਦੇ ਇੰਮੀਗਰੇਸ਼ਨ ਮਾਮਲਿਆਂ ਦਾ ਨਿਪਟਾਰਾ ਕੇਵਲ ਕੁਝ ਹਫ਼ਤਿਆਂ ਵਿੱਚ ਹੀ ਹੋ ਸਕਦਾ ਹੈ, ਪਰੰਤੂ ਇਸ ਵਿੱਚ ਸਾਲ ਵੀ ਲੱਗ ਸਕਦੇ ਹਨ। ਅਖੀਰ ਵਿੱਚ, ਤੁਹਾਨੂੰ ਤੁਹਾਡੀ ਰਕਮ ਤਦ ਹੀ ਵਾਪਸ ਮਿਲਣਗੇ, ਜੇਕਰ ਉਸ ਵਿਅਕਤੀ ਨੇ ਆਪਣੀ ਰਿਹਾਈ ਦੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕੀਤੀ ਹੋਵੇਗੀ, ਜਿਸਦੀ ਤੁਸੀਂ ਦੇਖ-ਰੇਖ ਕਰ ਰਹੇ ਸੀ। ਜੇਕਰ ਓਹ ਵਿਅਕਤੀ ਰਿਹਾਈ ਦੇ ਹੁਕਮ ਦੀ ਕਿਸੇ ਵੀ ਸ਼ਰਤ ਦੀ ਉਲੰਘਣਾ ਕਰਦਾ ਹੈ, ਤਾਂ ਤੁਹਾਡਾ ਧਨ ਜਾਣ ਦਾ ਜੋਖਮ ਹੋ ਸਕਦਾ ਹੈ, ਜੋ ਤੁਸੀਂ ਜਮ੍ਹਾਂ ਕਰਾਇਆ ਸੀ ਅਤੇ/ਜਾਂ ਦੇਣ ਦਾ ਵਾਇਦਾ ਕੀਤਾ ਸੀ।

**ਜੇਕਰ ਮੈਂ ਕਿਸੇ ਸ਼ਰਤ ਨੂੰ ਬਦਲਣਾ ਚਾਹਾਂ ਜਾਂ ਜ਼ਮਾਨਤਦਾਰ ਦੇ ਤੌਰ ਤੇ ਖ਼ੁਦ ਨੂੰ ਹਟਾਉਣਾ ਚਾਹਾਂ ਤਾਂ ਕੀ ਕਰਨਾ ਪਵੇਗਾ?**

ਇਹ ਆਸ ਕੀਤੀ ਜਾਂਦੀ ਹੈ ਕਿ ਤੁਸੀਂ ਉਸ ਵਿਅਕਤੀ ਦੇ ਇੰਮੀਗਰੇਸ਼ਨ ਮਾਮਲਿਆਂ ਦਾ ਨਿਪਟਾਰਾ ਹੋਣ ਤੱਕ ਜ਼ਮਾਨਤਦਾਰ ਦੇ ਤੌਰ ਤੇ ਬਣੇ ਰਹੋਗੇ। ਵਿਰਲਾ ਮਾਮਲਿਆਂ ਵਿੱਚ, ਜਿਵੇਂ ਕਿਸੇ ਨਵੇਂ ਜ਼ਮਾਨਤਦਾਰ ਦਾ ਪ੍ਰਸਤਾਵ ਹੋਣ ਤੇ, ਤੁਹਾਨੂੰ ਮੈਂਬਰ ਵੱਲੋਂ ਜ਼ਮਾਨਤਦਾਰ ਦੇ ਤੌਰ ਤੇ ਹਟਾਇਆ ਜਾ ਸਕਦਾ ਹੈ। ਇਹਨਾਂ ਵਿਰਲਾ ਮਾਮਲਿਆਂ ਵਿੱਚ, ਜਿਥੇ ਤੁਸੀਂ ਹੁਣ ਜ਼ਮਾਨਤਦਾਰ ਦੇ ਤੌਰ ਤੇ ਕੰਮ ਨਹੀਂ ਕਰਨਾ ਚਾਹੁੰਦੇ, ਤੁਹਾਨੂੰ ਇੰਮੀਗਰੇਸ਼ਨ ਡਿਵੀਜ਼ਨ ਰਜਿਸਟਰੀ (Immigration Division Registry) ਨੂੰ ਲਿਖਤ ਵਿੱਚ ਅਰਜ਼ੀ ਦੇਣੀ ਚਾਹੀਦੀ ਹੈ ਅਤੇ ਆਪਣੀ ਅਰਜ਼ੀ ਦੀਆਂ ਕਾਪੀਆਂ CBSA ਨੂੰ ਅਤੇ ਸਬੰਧਿਤ ਵਿਅਕਤੀ ਨੂੰ ਭੇਜਣੀਆਂ ਚਾਹੀਦੀਆਂ ਹਨ। ਇਸ ਗੱਲ ਦੀ ਕੋਈ ਗਰੰਟੀ ਨਹੀਂ ਹੈ ਕਿ ਤੁਹਾਡੀ ਬੇਨਤੀ ਮਨਜ਼ੂਰ

ਕੀਤੀ ਜਾਏਗੀ। ਕਦੇ-ਕਦਾਈਂ ਇਕ ਨਵੀਂ ਸੁਣਵਾਈ ਲੋੜੀਂਦੀ ਹੋ ਸਕਦੀ ਹੈ, ਜਾਂ ਬਿਨਾਂ ਸੁਣਵਾਈ ਦੇ ਹੀ ਬੇਨਤੀ ਮਨਜ਼ੂਰ ਜਾਂ ਅਸਵੀਕਾਰ ਕੀਤੀ ਜਾ ਸਕਦੀ ਹੈ।

**ਜ਼ਮਾਨਤਦਾਰਾਂ ਲਈ ਵਾਧੂ ਵਸੀਲੇ**

ਹਿਰਾਸਤ ਸਮੀਖਿਆਵਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ IRB ਦੀ ਵੈਬਸਾਈਟ ਤੇ http://www.irb-cisr.gc.ca/Eng/detention/Pages/detention.aspx ਤੇ ਉਪਲੱਬਧ ਡਿਟੈਂਸ਼ਨ ਰੀਵਿਊ ਹੀਅਰਿੰਗਸ (Detention Review Hearings) ਪੈਂਫਲੇਟ ਨੂੰ ਦੇਖੋ।



ID – 674bi (2016/07/11)
*Disponible en français*

Canada